The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
09 390 4644

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

11 June 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਜ਼ਿੰਦਗੀ ਦੀ ਲੜਾਈ ਆਖ਼ਰ ਹਾਰ ਹੀ ਗਿਆ ਫ਼ਤਹਿਵੀਰ..!

ਚੰਡੀਗੜ੍ਹ : 150 ਫੁੱਟ ਡੂੰਘੇ ਬੋਰਵੈੱਲ ਵਿੱਚ ਡਿੱਗਾ ਫ਼ਤਹਿਵੀਰ ਜ਼ਿੰਦਗੀ ਦੀ ਲੜਾਈ ਹਾਰ ਗਿਆ। ਉਸ ਨੂੰ ਸਵੇਰੇ ਪੰਜ ਵਜੇ ਬੋਰ ਵਿੱਚੋਂ ਬਾਹਰ ਕੱਢਿਆ ਗਿਆ ਅਤੇ ਅੱਠ ਕੁ ਵਜੇ ਚੰਡੀਗੜ੍ਹ ਦੇ ਪੀਜੀਆਈ ਹਸਪਤਾਲ ਵਿੱਚ ਭਰਤੀ ਕੀਤਾ ਗਿਆ। ਇੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।ਫ਼ਤਹਿਵੀਰ ਲਈ ਅਨੇਕਾਂ ਲੋਕਾਂ ਨੇ ਦੁਆਵਾਂ ਕੀਤੀਆਂ ਪਰ ਜ਼ਿੰਦਗੀ ਤੇ ਮੌਤ ਨਾਲ ਜੂਝਦਾ ਫ਼ਤਹਿ ਅੰਤ ਇਹ ਲੜਾਈ ਹਾਰ ਗਿਆ। ਉਸ ਦੀ ਮੌਤ ਕਦੋਂ ਹੋਈ ਇਸ ਬਾਰੇ ਡਾਕਟਰਾਂ ਨੇ ਹਾਲੇ ਪੂਰੀ ਜਾਣਕਾਰੀ ਨਹੀਂ ਦਿੱਤੀ ਹੈ। ਸਿਰਫ਼ ਇੰਨਾ ਪਤਾ ਲੱਗਾ ਹੈ ਕਿ ਉਹ ਹੁਣ ਇਸ ਦੁਨੀਆ 'ਤੇ ਨਹੀਂ ਹੈ। ਬੱਚੇ ਨੂੰ ਮੰਗਲਵਾਰ ਸਵੇਰੇ 5:10 ਮਿੰਟ 'ਤੇ ਬੋਰ 'ਚੋਂ ਬਾਹਰ ਕੱਢਿਆ ਗਿਆ। ਮੰਗਵਾਲ ਦੇ ਗੁਰਿੰਦਰ ਸਿੰਘ ਨੇ ਨਵੇਂ ਪੁੱਟੇ ਬੋਰਵੈੱਲ ਵਿੱਚੋਂ ਜਾ ਕੇ ਫਸੇ ਹੋਏ ਬੱਚੇ ਨੂੰ ਆਜ਼ਾਦ ਕੀਤਾ ਤੇ ਫਿਰ ਐਨਡੀਆਰਐਫ ਦੀਆਂ ਟੀਮਾਂ ਨੇ ਉਸ ਨੂੰ ਉੱਪਰ ਖਿੱਚ ਲਿਆ। ਇਸ ਮਗਰੋਂ ਤੁਰੰਤ ਉਸ ਨੂੰ ਸੜਕੀ ਮਾਰਗ ਰਾਹੀਂ ਪੀਜੀਆਈ ਚੰਡੀਗੜ੍ਹ ਲਿਆਂਦਾ ਗਿਆ, ਇਸ ਦੌਰਾਨ ਉਸ ਦੇ ਦਾਦਾ ਐਂਬੂਲੈਂਸ ਵਿੱਚ ਮੌਜੂਦ ਸਨ। ਫ਼ਤਹਿਵੀਰ ਬੀਤੇ ਵੀਰਵਾਰ ਸੰਗਰੂਰ ਜ਼ਿਲ੍ਹੇ ਦੇ ਪਿੰਡ ਭਗਵਾਨਪੁਰਾ ਵਿੱਚ ਆਪਣੇ ਖੇਤ ਵਿੱਚ ਬਣੇ ਹੋਏ ਪੁਰਾਣੇ ਬੋਰਵੈੱਲ ਵਿੱਚ ਡਿੱਗ ਪਿਆ ਸੀ। ਉਸ ਨੂੰ ਬਚਾਉਣ ਲਈ ਪੰਜ ਦਿਨ ਬਚਾਅ ਕਾਰਜ ਬੇਹੱਦ ਸੁਸਤ ਰਫ਼ਤਾਰ ਨਾਲ ਚੱਲੇ, ਜਿਸ ਕਾਰਨ ਫ਼ਤਹਿ ਦਾ ਜ਼ਿੰਦਗੀ ਦਾ ਅੰਤ ਉਸ ਦੇ ਜਨਮਦਿਨ ਤੋਂ ਹੀ ਅਗਲੇ ਹੀ ਦਿਨ ਹੋ ਗਿਆ।




ਫ਼ਤਹਿਵੀਰ ਬੀਤੇ ਵੀਰਵਾਰ ਸੰਗਰੂਰ ਜ਼ਿਲ੍ਹੇ ਦੇ ਪਿੰਡ ਭਗਵਾਨਪੁਰਾ ਵਿੱਚ ਆਪਣੇ ਖੇਤ ਵਿੱਚ ਬਣੇ ਹੋਏ ਪੁਰਾਣੇ ਬੋਰਵੈੱਲ ਵਿੱਚ ਡਿੱਗ ਪਿਆ ਸੀ। ਉਸ ਨੂੰ ਬਚਾਉਣ ਲਈ ਪੰਜ ਦਿਨ ਬਚਾਅ ਕਾਰਜ ਬੇਹੱਦ ਸੁਸਤ ਰਫ਼ਤਾਰ ਨਾਲ ਚੱਲੇ, ਜਿਸ ਕਾਰਨ ਫ਼ਤਹਿ ਦਾ ਜ਼ਿੰਦਗੀ ਦਾ ਅੰਤ ਉਸ ਦੇ ਜਨਮਦਿਨ ਤੋਂ ਹੀ ਅਗਲੇ ਹੀ ਦਿਨ ਹੋ ਗਿਆ।

## 10 ਸਾਲਾ ਭਾਰਤੀ ਬੱਚੇ ਨੇ ਬਣਾਇਆ ਗੇਮਿੰਗ ਐਪ, ਪਿਤਾ ਦੇ ਚੈਲੰਜ ਨੂੰ ਲਿਆ ਸਿਰ-ਮੱਥੇ

ਵਾਸ਼ਿੰਗਟਨ— ਆਯੁਸ਼ ਕੁਮਾਰ ਨਾਂ ਦੇ 10 ਸਾਲਾ ਭਾਰਤੀ ਬੱਚੇ ਨੇ ਅਮਰੀਕਾ 'ਚ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਉਸ ਨੇ 10 ਦਿਨਾਂ 'ਚ ਐਪਲ ਲਈ ਗੇਮਿੰਗ ਐਪ ਬਣਾਇਆ ਤੇ ਉਹ ਕੰਪਨੀ ਦਾ ਸਭ ਤੋਂ ਛੋਟਾ ਡਿਵੈਲਪਰ ਬਣਿਆ ਹੈ। ਯਕੀਨਨ ਤੁਸੀਂ ਵੀ ਇਹ ਗੱਲ ਸੁਣ ਕੇ ਹੈਰਾਨ ਹੋ ਗਏ ਹੋਵੋਗੇ। ਆਯੁਸ਼ ਨੂੰ ਹਫਤੇ 'ਚ ਸਿਰਫ 30 ਮਿੰਟ ਲਈ ਡਿਜੀਟਲ ਡਿਵਾਇਸ ਵਰਤਣ ਦਾ ਮੌਕਾ ਮਿਲਦਾ ਹੈ ਪਰ ਇੰਨੇ ਘੱਟ ਸਮੇਂ 'ਚ ਉਹ ਆਪਣੀ ਪਸੰਦੀਦਾ ਹੌਬੀ- ਕੋਡਿੰਗ ਕਰਦਾ ਹੈ। ਪਿਤਾ ਦੇ ਇਕ ਚੈਲੰਜ 'ਤੇ ਉਸ ਨੇ ਐਪਲ ਲਈ ਐਪ ਡਿਵੈਲਪ ਕਰ ਲਿਆ, ਜਿਸ ਨੂੰ 3 ਜੂਨ ਨੂੰ ਐਪਲ ਦੀ 'ਵਰਲਡ ਵਾਈਡ ਡਿਵੈਲਪਰਜ਼ ਕਾਨਫਰੰਸ' 'ਚ ਪੇਸ਼ ਕੀਤਾ ਗਿਆ। ਹੁਣ ਐਪ ਨੂੰ ਐਪਲ ਸਟੋਰ 'ਤੇ ਅਪਲੋਡ ਕੀਤਾ ਜਾਵੇਗਾ। ਉਸ ਦਾ ਰੀਵਿਊ ਚੱਲ ਰਿਹਾ ਹੈ। ਅਸਲ 'ਚ ਐਪਲ ਨੇ ਆਯੁਸ਼ ਅਤੇ ਉਸ ਦੇ ਪਿਤਾ ਅਮਿਤ ਕੁਮਾਰ ਦਾ ਇੰਟਰਵਿਊ ਕੀਤਾ। ਇਸ ਦੌਰਾਨ ਪਿਤਾ ਨੇ ਦੱਸਿਆ ਕਿ ਆਯੁਸ਼ ਨੂੰ ਮੋਬਾਇਲ ਕੰਪਿਊਟਰ ਲਈ 30 ਮਿੰਟ ਦਾ ਸਮਾਂ ਮਿਲਦਾ ਹੈ। ਇੰਨੇ 'ਚ ਹੀ ਉਹ ਕੋਡਿੰਗ ਨਾਲ ਗੇਮਿੰਗ ਵੀ ਕਰ ਲੈਂਦਾ ਹੈ। ਇਸ ਮਗਰੋਂ ਆਯੁਸ਼ ਨੇ ਐਪਲ ਕਾਨਫਰੰਸ 'ਚ ਜਾਣ ਦੀ ਚੁਣੌਤੀ ਲਈ। ਪਿਤਾ ਨੇ ਦੱਸਿਆ,"ਮੈਂ ਆਯੁਸ਼ ਨੂੰ ਕਿਹਾ ਕਿ ਉਹ ਕੰਪੀਟੀਸ਼ਨ ਜਿੱਤ ਨਹੀਂ ਸਕੇਗਾ ਪਰ ਉਸ ਨੇ ਇਸ ਨੂੰ ਇਕ ਚੈਲੰਜ ਦੀ ਤਰ੍ਹਾਂ ਲਿਆ। ਉਸ ਨੇ 10 ਦਿਨ 'ਚ ਫਿਜ਼ਿਕਸ 'ਤੇ ਆਧਾਰਿਤ ਐਪ ਬਣਾਇਆ ਅਤੇ ਕਾਨਫਰੰਸ ਅਟੈਂਡ ਕਰ ਚੈਲੰਜ ਪੂਰਾ ਕੀਤਾ।" ਤੁਹਾਨੂੰ ਦੱਸ ਦਈਏ ਕਿ ਐਪਲ ਦਾ ਸਕਾਲਰਸ਼ਿਪ ਪ੍ਰੋਗਰਾਮ ਛੋਟੇ ਬੱਚਿਆਂ ਨੂੰ ਡਿਵੈਲਪਰਜ਼ ਕਾਨਫਰੰਸ 'ਚ ਹਿੱਸਾ ਲੈਣ ਦਾ ਮੌਕਾ ਦਿੰਦਾ ਹੈ।



## ਏਅਰ ਨਿਊਜੀਲੈਂਡ ਦੇ ਕਰਮਚਾਰੀ ਹੁਣ ਟੈਟੂ ਬਣਵਾ ਸਕਦੇ ਹਨ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ)ਏਅਰ ਨਿਊਜੀਲੈਂਡ ਨੇ ਕਿਹਾ ਗਿਆ ਹੈ ਕਿ ਹੁਣ ਉਸਦੇ ਕਰਮਚਾਰੀ ਟੈਟੂ ਬਣਵਾ ਸਕਦੇ ਹਨ ਬਸ਼ਰਤੇ ਇਹ ਕਿਸੇ ਵੀ ਤਰ੍ਹਾਂ ਯਾਤਰੀਆਂ ਲਈ ਪ੍ਰੇਸ਼ਾਨੀ ਦਾ ਸੱਬਬ ਨਾ ਬਨਣ।ਪਿਛਲੇ ਸਾਲ ਸਤੰਬਰ ਵਿੱਚ ਇੱਕ ਕਰਮਚਾਰੀ ਨੇ ਨੌਕਰੀ ਵੀ ਛੱਡ ਦਿੱਤੀ ਸੀ ਕਿਉਂਕਿ ਏਅਰ ਨਿਊਜੀਲੈਂਡ ਨੇ ਉਸ ਨੂੰ ਟੈਟੂ ਬਣਵਾਉਣ 'ਤੇ ਸਖਤ ਤਾੜਨਾ ਕੀਤੀ ਸੀ। ਉਦੋਂ ਤੋਂ ਹੀ ਇਹ ਵਿਵਾਦ ਪੈਦਾ ਹੋਇਆ ਸੀ। ਗ੍ਰਾਹਕਾਂ ਨਾਲ ਅਤੇ ਸਟਾਫ ਨਾਲ ਲੰਬੀ ਗੱਲਬਾਤ ਤੋਂ ਬਾਅਦ ਏਅਰ ਨਿਊਜੀਲੈਂਡ ਵਲੋਂ ਇਹ ਫੈਸਲਾ ਲਿਆ ਗਿਆ ਹੈ।

## ਨਿਊਜ਼ੀਲੈਂਡ 'ਚ ਲੱਗੇ ਭੂਚਾਲ ਦੇ ਤੇਜ਼ ਝਟਕੇ




ਨਿਊਜ਼ੀਲੈਂਡ ਦੇ ਅਲਪਾਈਨ ਫਾਲਟ ਦੇ ਨੇੜੇ ਦੱਖਣੀ ਟਾਪੂ ਮਿਲਫੋਰਡ ਸਾਊਂਡ ਤੋਂ 40 ਕਿਲੋਮੀਟਰ ਉੱਤਰ-ਪੂਰਬ 'ਚ ਅੱਜ ਤੜਕੇ ਸਥਾਨਕ ਸਮੇਂ ਮੁਤਾਬਕ 3.24 ਵਜੇ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਰਿਕਟਰ ਸਕੇਲ 'ਤੇ ਭੂਚਾਲ ਦੀ ਤੀਬਰਤਾ 5.5 ਮਾਪੀ ਗਈ। ਇਸ ਕਾਰਨ ਇੱਥੇ ਕਿਸੇ ਜਾਨੀ-ਮਾਲੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ ਅਤੇ ਨਾ ਹੀ ਸੁਨਾਮੀ ਆਉਣ ਦੀ ਕੋਈ ਪੁਸ਼ਟੀ ਮਿਲੀ ਹੈ।

## ਪਾਕਿ ਵੱਲੋਂ ਅਮਰੀਕੀ ਨਾਗਰਿਕਾਂ ਲਈ 5 ਸਾਲ ਦੇ ਵੀਜ਼ੇ ਦਾ ਐਲਾਨ

ਪਾਕਿਸਤਾਨ ਨੇ ਅਮਰੀਕੀ ਨਾਗਰਿਕਾਂ ਨੂੰ ਪੰਜ ਸਾਲ ਦਾ 'ਮਲਟੀਪਲ-ਐਂਟਰੀ ਵੀਜ਼ਾ' ਦੇਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਉਦੋਂ ਲਿਆ ਗਿਆ ਹੈ ਜਦੋਂ ਮਾਰਚ ਦੇ ਮਹੀਨੇ ਵਿਚ ਅਮਰੀਕਾ ਨੇ ਪਾਕਿਸਤਾਨੀ ਨਾਗਰਿਕਾਂ ਲਈ ਵੀਜ਼ਾ ਮਿਆਦ ਪੰਜ ਸਾਲ ਤੋਂ ਘਟਾ ਕੇ ਇਕ ਸਾਲ ਕਰ ਦਿੱਤੀ। ਪਿਛਲੇ ਮਹੀਨੇ ਭੇਜੇ ਗਏ ਇਕ ਨੋਟ ਵਿਚ ਵਿਦੇਸ਼ ਮੰਤਰਾਲੇ ਨੇ ਅਮਰੀਕਾ ਸਥਿਤ ਪਾਕਿਸਤਾਨੀ ਕੂਟਨੀਤਕ ਮਿਸ਼ਨਾਂ ਨੂੰ ਸਲਾਹ ਦਿੱਤੀ ਸੀ ਕਿ ਅਮਰੀਕੀ ਨਾਗਰਿਕਾਂ ਨੂੰ ਵੀਜ਼ਾ ਜਾਰੀ ਕਰਦੇ ਸਮੇਂ ਉਹ ਨਵੀਂ ਨੀਤੀ ਦੀ ਪਾਲਣਾ ਕਰਨ। ਵਿਦੇਸ਼ ਦਫਤਰ ਦੇ ਇਕ ਅਧਿਕਾਰੀ ਨੇ ਇਕ ਅਖਬਾਰ ਨੂੰ ਦੱਸਿਆ,"ਪੰਜ ਸਾਲਾ ਵੀਜ਼ਾ ਨਾਲ ਦੋਹਾਂ ਦੇਸ਼ਾਂ ਦੇ ਨਿਵੇਸ਼ਕਾਂ ਅਤੇ ਸੈਲਾਨੀਆਂ ਨੂੰ ਲਾਭ ਹੋਵੇਗਾ। ਇਹ ਵੀਜ਼ਾ ਨੀਤੀ ਟੂਰਿਜ਼ਮ ਅਤੇ ਕਾਰੋਬਾਰ ਵਿਚ ਸੁਧਾਰ ਦੀ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸੋਚ ਮੁਤਾਬਕ ਹੈ।" ਅਧਿਕਾਰੀ ਨੇ ਨਾਮ ਜਨਤਕ ਨਾ ਕੀਤੇ ਜਾਣ ਦੀ ਸ਼ਰਤ 'ਤੇ ਦੱਸਿਆ,"ਹੋ ਸਕਦਾ ਹੈ ਕਿ ਅਮਰੀਕਾ ਵੀ ਆਪਣੇ ਵੱਲੋਂ ਅਜਿਹਾ ਹੀ ਕਦਮ ਚੁੱਕੇ।" ਇੱਥੇ ਦੱਸ ਦਈਏ ਕਿ ਅਮਰੀਕਾ ਲੰਬੇ ਸਮੇਂ ਤੋਂ ਪਾਕਿਸਤਾਨ ਦੀ ਵੀਜ਼ਾ ਨੀਤੀ ਵਿਚ ਤਬਦੀਲੀ ਦੀ ਮੰਗ ਕਰ ਰਿਹਾ ਸੀ। ਜਦੋਂ ਪਾਕਿਸਤਾਨ ਨੇ ਇਸ ਮੰਗ 'ਤੇ ਕੋਈ ਕਦਮ ਨਾ ਚੁੱਕਿਆ ਤਾਂ ਹਾਲ ਹੀ ਵਿਚ ਅਮਰੀਕਾ ਨੇ ਆਪਣੀ ਨੀਤੀ ਬਦਲ ਦਿੱਤੀ। ਬੀਤੀ 5 ਮਾਰਚ ਨੂੰ ਅਮਰੀਕਾ ਨੇ ਪਾਕਿਸਤਾਨੀ ਨਾਗਰਿਕਾਂ ਦੀ ਵੀਜ਼ਾ ਵੈਧਤਾ ਦੀ ਮਿਆਦ ਪੰਜ ਸਾਲ ਤੋਂ ਘਟਾ ਕੇ ਇਕ ਸਾਲ ਕਰ ਦਿੱਤੀ ਸੀ। ਉਸ ਨੇ ਇਹ ਐਲਾਨ ਵੀ ਕੀਤਾ ਸੀ ਕਿ ਪੱਤਰਕਾਰਾਂ ਅਤੇ ਮੀਡੀਆ ਕਰਮੀਆਂ ਨੂੰ ਆਪਣੇ ਯਾਤਰਾ ਪਰਮਿਟ ਦੇ ਨਵੀਨੀਕਰਨ ਦੇ ਬਿਨਾਂ ਦੇਸ਼ ਵਿਚ ਤਿੰਨ ਮਹੀਨੇ ਤੋਂ ਵੱਧ ਸਮੇਂ ਤੱਕ ਰੁਕਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਅਪ੍ਰੈਲ ਵਿਚ ਅਮਰੀਕਾ ਨੇ ਪਾਕਿਸਤਾਨ ਨੂੰ 10 ਦੇਸ਼ਾਂ ਦੀ ਉਸ ਸੂਚੀ ਵਿਚ ਪਾ ਦਿੱਤਾ ਸੀ ਜਿਸ ਵਿਚ ਅਜਿਹੇ ਦੇਸ਼ ਨੂੰ ਪਾਇਆ ਜਾਂਦਾ ਹੈ ਜਿਹੜੇ ਅਮਰੀਕਾ ਤੋਂ ਵਾਪਸ ਦਿੱਤੇ ਗਏ ਜਾਂ ਨਿਰਧਾਰਤ ਵੀਜ਼ਾ ਮਿਆਦ ਤੋਂ ਜ਼ਿਆਦਾ ਸਮਾਂ ਤੱਕ ਅਮਰੀਕਾ ਵਿਚ ਰਹਿਣ ਵਾਲੇ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਤੋਂ ਇਨਕਾਰ ਕਰ ਦਿੰਦੇ ਹਨ



## ਨਿਊਜ਼ੀਲੈਂਡ : ਇਰਾਕ 'ਚੋਂ ਆਪਣੇ ਸਾਰੇ ਫੌਜੀ ਬੁਲਾਏਗਾ ਵਾਪਸ



ਨਿਊਜ਼ੀਲੈਂਡ ਸਰਕਾਰ ਦਾ ਕਹਿਣਾ ਹੈ ਕਿ ਉਹ ਅਗਲੇ ਸਾਲ ਜੂਨ ਤੱਕ ਆਪਣੇ ਸਾਰੇ ਫੌਜੀਆਂ ਨੂੰ ਇਰਾਕ ਵਿਚੋਂ ਵਾਪਸ ਬੁਲਾ ਲਵੇਗੀ। ਦੱਖਣ ਪ੍ਰਸ਼ਾਂਤ ਦੇਸ਼ ਨੇ ਬਗਦਾਦ ਦੇ ਉੱਤਰ-ਪੱਛਮ ਵਿਚ ਤਾਜ਼ੀ ਮਿਲਟਰੀ ਕੰਪਲੈਕਸ ਵਿਚ 95 ਕਥਿਤ ਗੈਰ ਲੜਾਕੂ ਕਰਮੀਆਂ ਦੀ ਇਕ ਛੋਟੀ ਟੁਕੜੀ ਤਾਇਨਾਤ ਕੀਤੀ ਹੋਈ ਹੈ, ਜਿੱਥੇ ਉਹ ਇਰਾਕੀ ਸੁਰੱਖਿਆ ਬਲਾਂ ਨੂੰ ਸਿਖਲਾਈ ਦੇਣ ਦਾ ਕੰਮ ਕਰਦੀ ਹੈ। ਇਹ ਸਿਖਲਾਈ ਮਿਸ਼ਨ ਆਸਟ੍ਰੇਲੀਆ ਦੇ ਨਾਲ ਇਕ ਸੰਯੁਕਤ ਮੁਹਿੰਮ ਹੈ ਜਿਸ ਵਿਚ ਲੱਗਭਗ 300 ਫੌਜੀ ਤਾਜ਼ੀ ਵਿਚ ਤਾਇਨਾਤ ਹਨ। ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੇ ਸੋਮਵਾਰ ਨੂੰ ਕਿਹਾ ਕਿ ਜੁਲਾਈ ਤੱਕ ਇਰਾਕ ਵਿਚ ਨਿਊਜ਼ੀਲੈਂਡ ਦੇ ਫੌਜੀਆਂ ਦੀ ਗਿਣਤੀ ਘੱਟ ਕੇ 75 ਅਤੇ ਫਿਰ ਸਾਰੇ ਫੌਜੀਆਂ ਦੇ ਵਾਪਸ ਆਉਣ ਤੋਂ ਪਹਿਲਾਂ ਜਨਵਰੀ ਵਿਚ 45 ਰਹਿ ਜਾਵੇਗੀ। ਅਰਡਰਨ ਨੇ ਇਹ ਐਲਾਨ ਵੀ ਕੀਤਾ ਕਿ ਨਿਊਜ਼ੀਲੈਂਡ ਅਫਗਾਨਿਸਤਾਨ ਵਿਚ ਤਾਇਨਾਤ ਰੱਖਿਆ ਬਲ ਦੇ ਕਰਮੀਆਂ ਦੀ ਗਿਣਤੀ 13 ਤੋਂ ਘਟਾ ਕੇ 11 ਕਰੇਗਾ।